**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।**
ਪ.ਸ.ਸ.ਬ ਭਵਨ, ਈ-ਬਲਾਕ, ਪੰਜਵੀਂ ਮੰਜਿਲ, ਫੇਸ-8, ਅਜੀਤਗੜ੍ਹ (ਮੋਹਾਲੀ), ਪੰਜਾਬ।

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ),
ਪੰਜਾਬ।

ਮੀਮੋ ਨੰ: ਡੀ.ਜੀ.ਐਸ.ਈ/ਆਰ.ਟੀ.ਈ./2013/ 19527
ਮਿਤੀ , ਅਜੀਤਗੜ੍ਹ 27.12.13

**ਵਿਸ਼ਾ:-** **ਸਾਲ 2013-14 ਦੌਰਾਨ ਕਮਿਊਨਿਟੀ ਟ੍ਰੇਨਿੰਗ/ਐਸ.ਐਮ.ਸੀ. ਅਤੇ ਸਥਾਨਕ ਅਥਾਰਟੀ ਲਈ ਕਰਵਾਈਆਂ ਜਾਣ ਵਾਲੀਆਂ ਅਤੇ ਨਾਨ ਰੈਜ਼ੀਡੈਂਸ਼ੀਅਲ ਟ੍ਰੇਨਿੰਗਜ਼ ਦੀਆਂ ਹਦਾਇਤਾਂ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਦਾ ਧਿਆਨ ਦਿਵਾਉਂਦੇ ਹੋਏ ਦੱਸਿਆ ਜਾਂਦਾ ਹੈ ਕਿ ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਸਾਲ 2013-14 ਦੌਰਾਨ ਐਸ.ਐਮ.ਸੀ. ਦੀਆਂ ਗੈਰ-ਰਿਹਾਇਸ਼ੀ ਟਰੇਨਿੰਗਾਂ ਕਰਵਾਈਆਂ ਜਾਣੀਆਂ ਹਨ। ਇਹਨਾਂ ਟਰੇਨਿੰਗਾਂ ਦੀਆ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

**ਗੈਰ-ਰਿਹਾਇਸ਼ੀ ਟਰੇਨਿੰਗਜ਼:-**

1. ਗੈਰ-ਰਿਹਾਇਸ਼ੀ ਟਰੇਨਿੰਗ ਜੋ ਕਿ ਕੇਵਲ ਐਸ.ਐਮ.ਸੀ ਮੈਬਰਾਂ ਨੂੰ ਹੀ ਕਰਵਾਉਣੀ ਹੈ, ਸਕੂਲ ਪੱਧਰ ਤੇ ਸਕੂਲ ਦੇ ਸਮੇਂ ਦੌਰਾਨ ਹੀ ਕਰਵਾਈ ਜਾ ਸਕਦੀ ਹੈ। ਇਹ ਮਹੀਨਾਵਾਰ ਮੀਟਿੰਗਾਂ ਦੇ ਰੂਪ ਵਿੱਚ ਹੋ ਸਕਦੀ ਹੈ।

2. ਗੈਰ ਰਿਹਾਇਸ਼ੀ ਟਰੇਨਿੰਗ ਲਈ 100/- ਪ੍ਰਤੀ ਮੈਂਬਰ ਮੰਨਜੂਰ ਕੀਤੇ ਗਏ ਹਨ।

3. ਗੈਰ-ਰਿਹਾਇਸ਼ੀ ਟਰੇਨਿੰਗਜ਼ ਦਾ ਸਮਾਂ ਦਸੰਬਰ, ਜਨਵਰੀ ਮਹੀਨੇ ਵਿੱਚ ਨਿਰਧਾਰਿਤ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਕਰਵਾਈਆਂ ਜਾਣ ਵਾਲੀਆਂ ਗੈਰ-ਰਿਹਾਇਸ਼ੀ ਟਰੇਨਿੰਗਜ਼ ਦਾ Tentative Schedule ਹਰ ਜਿਲ੍ਹੇ ਵਲੋਂ ਆਪਣੀ ਸੁਵਿੱਧਾ ਅਨੁਸਾਰ ਬਣਾਇਆ ਜਾਵੇਗਾ, ਜਿਲ੍ਹੇ ਵਲੋਂ ਬਣਾਏ ਗਏ ਸਡਿਊਲ ਦੀ ਕਾਪੀ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

4. ਇਹਨਾਂ ਮੀਟਿੰਗਾਂ ਦੌਰਾਨ ਐਸ.ਐਮ.ਸੀ ਦੇ 5 ਮੈਂਬਰ ਹੀ ਹਾਜ਼ਰ ਹੋ ਸਕਦੇ ਹਨ।

5. ਇਹਨਾਂ ਮੀਟਿੰਗਾਂ ਦਾ ਏਜੰਡਾ ਪੂਰੇ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ ਪੜ੍ਹਨਾ ਅਤੇ ਰਹਿ ਗਏ ਟੀਚਿਆਂ ਬਾਰੇ ਵਿਚਾਰ ਕਰਨਾ ਹੋਵੇਗਾ।

6. ਸਕੂਲ ਪੱਧਰੀ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਦੀ ਰੂਪ ਰੇਖਾ ਉਲੀਕਣਾ, ਗੁਣਾਤਮਕ ਸਿੱਖਿਆ ਬਾਰੇ ਵਿਚਾਰ ਕਰਨਾ ਅਤੇ ਆਰ.ਟੀ.ਈ 2009 ਅਤੇ ਵਿਭਾਗ ਦੀਆਂ ਹੋਰ ਸਾਰੀਆਂ ਸਕੀਮਾਂ ਦੇ ਸੰਦਰਭ ਵਿੱਚ ਵਿਚਾਰ ਆਦਿ ਕਰਨਾ ਹੋਵੇਗਾ।

7. ਇਹਨਾਂ ਮਹੀਨਾਵਾਰ ਮੀਟਿੰਗਾਂ ਦੌਰਾਨ ਸਕੂਲ ਪੱਧਰ ਤੇ ਬੱਚਿਆਂ ਦੀਆਂ Co scholastic ਗਤੀਵਿਧੀਆਂ ਕਰਵਾਈਆਂ ਜਾ ਸਕਦੀਆਂ ਹਨ, ਜਿਵੇਂ ਸੁਲੇਖ ਮੁਕਾਬਲਾ, ਡਰਾਇੰਗ ਮੁਕਾਬਲਾ, ਖੇਡਾਂ ਆਦਿ। ਇਹਨਾਂ

ਗਤੀਵਿਧੀਆਂ ਵਿੱਚੋਂ ਪਹਿਲੇ ਤਿੰਨ ਸਥਾਨਾਂ ਦੇ ਰਹਿਣ ਵਾਲੇ ਬੱਚਿਆਂ ਨੂੰ ਕੋਈ ਇਨਾਮ ਦੇ ਕੇ ਉਹਨਾਂ ਦੀ ਹੌਸਲਾ ਅਫ਼ਜਾਈ ਕੀਤੀ ਜਾ ਸਕਦੀ ਹੈ।

8. ਹਾਜ਼ਰ ਮੈਂਬਰਾਂ ਨੂੰ ਸਨੈਕਸ ਵਗੈਰਾ ਨਾਲ ਚਾਹ-ਪਾਣੀ ਪਿਲਾਇਆ ਜਾਵੇਗਾ।

9. ਜਿਸ ਮਹੀਨੇ ਬੱਚਿਆਂ ਦੀ ਕੋਈ ਐਕਟੀਵਿਟੀ ਨਾ ਕਰਵਾਉਣੀ ਹੋਵੇ, ਉਸ ਮਹੀਨੇ ਭਾਈਚਾਰੇ ਵਿੱਚੋਂ ਕਿਸੇ ਪ੍ਰੋਫ਼ੈਸ਼ਨਲ ਨੂੰ ਬੁਲਾ ਕੇ ਉਸਦਾ ਲੈਕਚਰ ਕਰਵਾਇਆ ਜਾ ਸਕਦਾ ਹੈ, ਪਰੰਤੂ ਕੋਸ਼ਿਸ਼ ਕੀਤੀ ਜਾਵੇ ਕਿ ਰਿਸੋਰਸ ਪਰਸਨ ਵਿਭਾਗ ਵਿਚੋ ਹੀ ਲਿਆ ਜਾਵੇ।

10. ਇਹਨਾਂ ਟਰੇਨਿੰਗਾਂ ਦੀ ਮੋਨੀਟਿਰਿੰਗ ਰਾਜ ਪੱਧਰ ਤੇ ਗਠਿਤ ਟੀਮਾਂ ਵਲੋ ਕੀਤੀ ਜਾਵੇਗੀ।

11. ਇਸ ਤੋ ਇਲਾਵਾ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਵਰਤੋਂ ਦਾ ਸਰਟੀਫਿਕੇਟ ਹੇਠਾ ਦਿੱਤੇ ਨਿਰਧਾਰਿਤ ਪ੍ਰੋਫਾਰਮੇ ਵਿੱਚ ਭੇਜਣਾ ਯਕੀਨੀ ਬਣਾਉਣ। ਵਿੱਤੀ ਸਾਲ 2013-14 ਦੌਰਾਨ ਐਸ.ਐਮ.ਸੀ ਟਰੇਨਿੰਗ ਸਬੰਧੀ ਮਿੱਥੇ ਟੀਚਿਆਂ ਦੀ ਪ੍ਰਾਪਤੀ ਸਬੰਧੀ ਰਿਪੋਰਟ ਭੇਜਣ ਲਈ ਪ੍ਰੋਫਾਰਮਾ।

| ਜਿਲ੍ਹੇ ਦਾ ਨਾਂ | ਮਿੱਥੇ ਗਏ ਟੀਚੇ ਭੋਤਿਕ/ਵਿੱਤੀ | ਪ੍ਰਾਪਤ ਕੀਤੇ ਟੀਚੇ ਭੋਤਿਕ/ਵਿੱਤੀ | ਅਣਵਰਤੀ ਰਾਸ਼ੀ ਜੇ ਕੋਈ ਹੋਵੇ | ਟੀਚੇ ਪੂਰੇ ਨਾ ਕਰਨ ਦੇ ਕਾਰਨ | ਵਿਸ਼ੇਸ਼ ਕਥਨ |
|---|---|---|---|---|---|

**ਜਿਲ੍ਹਾਵਾਰ ਗ੍ਰਾਂਟ ਦੀ distribution ਹੇਠ ਲਿਖੇ ਅਨੁਸਾਰ ਹੈ ਜੀ:**

| S. No. | District | Financial and Physical Proposal for 2 days' Non-Residential Training | | | | | |
|---|---|---|---|---|---|---|---|
| | | No. of Schools | no. of SMCs | Members of @ 5 to be trained (in lacs) /- per day per member | Proposed Cost for 2 days smc tarining @ Rs.100 per day per member (in lacs). | Grand total for finicial proposal (in lacs) | Amount Disbursed to the Disttricts as per their requirement |
| 1 | Amritsar | 1370 | 1326 | 6630 | 13.26 | 13.26 | 12.86 |
| 2 | Barnala | 307 | 285 | 1425 | 2.85 | 2.85 | 2.793 |
| 3 | Bathinda | 687 | 652 | 3260 | 6.52 | 6.52 | 6.3896 |
| 4 | Faridkot | 423 | 394 | 1970 | 3.94 | 3.94 | 3.8612 |
| 5 | F.G.Sahib | 693 | 671 | 3355 | 6.71 | 6.71 | 6.5758 |
| 6 | Fazilka | 709 | 687 | 3435 | 6.87 | 6.87 | 6.7326 |
| 7 | Ferozepur | 895 | 873 | 4365 | 8.73 | 8.73 | 8.5554 |
| 8 | Gurdaspur | 1605 | 1583 | 7915 | 15.83 | 15.83 | 15.5134 |
| 9 | Hoshiarpur | 1841 | 1819 | 9095 | 18.19 | 18.19 | 17.77 |
| 10 | Jalandhar | 1499 | 1457 | 7285 | 14.57 | 14.57 | 14.13 |
| 11 | Kapurthala | 839 | 817 | 4085 | 8.17 | 8.17 | 8.0066 |
| 12 | Ludhiana | 1627 | 1571 | 7855 | 15.71 | 15.71 | 15.3958 |
| 13 | Mansa | 516 | 494 | 2470 | 4.94 | 4.94 | 4.8412 |
| 14 | Moga | 631 | 609 | 3045 | 6.09 | 6.09 | 5.9682 |

| | | | | | | | |
|---|---|---|---|---|---|---|---|
| 15 | Mohali | 694 | 661 | 3305 | 6.61 | 6.61 | 6.4778 |
| 16 | Muktsar | 555 | 533 | 2665 | 5.33 | 5.33 | 5.2234 |
| 17 | Nawan shahar | 677 | 655 | 3275 | 6.55 | 6.55 | 6.419 |
| 18 | Pathankot | 552 | 523 | 2615 | 5.23 | 5.23 | 5.1254 |
| 19 | Patiala | 1402 | 1350 | 6750 | 13.5 | 13.5 | 13.23 |
| 20 | Ropar | 883 | 861 | 4305 | 8.61 | 8.61 | 8.4378 |
| 21 | Sangrur | 1063 | 1041 | 5205 | 10.41 | 10.41 | 10.2018 |
| 22 | Tarn-Taran | 813 | 785 | 3925 | 7.85 | 7.85 | 7.693 |
| | **Total** | **20281** | **19647** | **98235** | **196.47** | **196.47** | **192.**੨੦੧। |

ਇਸ ਦਫਤਰ ਵਲੋਂ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਆਪ ਨੂੰ ਇਸ ਦੇ ਨਾਲ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉੱਕਤ ਟਰੇਨਿੰਗ ਵਿੱਚ ਨਿੱਜੀ ਸ਼ਮੂਲੀਅਤ ਅਤੇ ਧਿਆਨ ਦਿੱਤਾ ਜਾਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਹਨਾਂ ਟਰੇਨਿੰਗਜ਼ ਦਾ ਮੁੱਖ ਉਦੇਸ਼ ਪੂਰਾ ਹੋ ਸਕੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਸਰਵ ਸਿੱਖਿਆ ਅਭਿਆਨ ਅਥਾਰਟੀ,
ਅਜੀਤਗੜ੍ਹ ,ਪੰਜਾਬ।

ਪਿੱਠ ਅੰਕਣ ਨੰ: ਡੀ.ਜੀ.ਐਸ.ਈ/ਆਰ.ਟੀ.ਈ/2013/ ਮਿਤੀ, ਅਜੀਤਗੜ੍ਹ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਨੋਟਿਸ ਬੋਰਡ, ਵੈੱਬ ਸਾਈਟ ਅਤੇ ਡਾਕ ਰਾਹੀ ਭੇਜਿਆ ਜਾਂਦਾ ਹੈ।

1. ਜਿਲ੍ਹਾ ਪ੍ਰੋਜੈਕਟ ਕੋਆਰਡੀਨੇਟਰਜ਼।
2. ਕਮਿਊਨਿਟੀ ਮੋਬਲਾਈਜੇਸ਼ਨ, ਕੋਆਰਡੀਨੇਟਰਜ਼।
3. ਏ.ਆਈ.ਈ ਕੋਆਰਡੀਨੇਟਰਜ਼।
4. ਏ.ਐਸ.ਪੀ.ਡੀ.(ਮੀਡੀਆ)।
5. ਡੀ.ਐਮ. (ਐਮ.ਆਈ.ਐਸ.) ਵੈੱਬ ਸਾਈਟ ਤੇ ਪਾਉਣ ਹਿੱਤ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਸਰਵ ਸਿੱਖਿਆ ਅਭਿਆਨ ਅਥਾਰਟੀ,
ਅਜੀਤਗੜ੍ਹ ,ਪੰਜਾਬ।